# Resource COM02
# ਵਰਕਿੰਗ ਵਿਦ ਚਿਲਡਰਨ ਚੈੱਕ
# ਕਾਨੂੰਨੀ ਪਾਲਣਾ ਸੰਬੰਧੀ ਨਮੂਨੇ ਦੇ ਸਵਾਲ

GOVERNMENT OF WESTERN AUSTRALIA

Working with Children Check

Punjabi | ਪੰਜਾਬੀ

ਹੇਠਾਂ ਕੁੱਝ ਉਦਾਹਰਨ ਰੂਪੀ ਸਵਾਲ ਦਿੱਤੇ ਗਏ ਹਨ ਜਿਨ੍ਹਾਂ ਦਾ ਜਵਾਬ ਰੁਜ਼ਗਾਰਦਾਤਾ, ਸਵੈਸੇਵੀ ਸੰਸਥਾ ਜਾਂ **ਸਿੱਖਿਆ ਪ੍ਰਦਾਤਾ (education provider)** ਨੂੰ ਦੇਣ ਦੀ ਲੋੜ ਹੋ ਸਕਦੀ ਹੈ ਜਦੋਂ ਵਰਕਿੰਗ ਵਿਦ ਚਿਲਡਰਨ (WWC) ਸਕ੍ਰੀਨਿੰਗ ਯੂਨਿਟ ਕਾਨੂੰਨ ਪਾਲਣਾ ਜਾਂਚ (Compliance Check) ਕਰਦੀ ਹੈ (ਪਹਿਲਾਂ ਇਸਨੂੰ ਆਡਿਟ ਕਿਹਾ ਜਾਂਦਾ ਸੀ)।

WWC ਚੈੱਕ ਕੰਪਲਾਇੰਸ ਟੂਲਕਿਟ (WWC Check Compliance Toolkit) ਸਮੇਤ ਸੰਸਥਾਵਾਂ ਨੂੰ ਉਹਨਾਂ ਦੀਆਂ WWC ਕਾਨੂੰਨ ਪਾਲਣਾ ਲੋੜਾਂ ਨੂੰ ਪੂਰਾ ਕਰਨ ਵਿੱਚ ਮੱਦਦ ਕਰਨ ਲਈ ਹੋਰ ਟੂਲ WWC ਵੈੱਬਸਾਈਟ 'ਤੇ ਲੱਭੇ ਜਾ ਸਕਦੇ ਹਨ।

1. ਤੁਹਾਡੀ ਸੰਸਥਾ ਦੋਵਾਂ ਮੌਜੂਦਾ ਅਤੇ ਨਵੇਂ ਕਰਮਚਾਰੀਆਂ, **ਵਾਲੰਟੀਅਰਾਂ (volunteers)** ਅਤੇ **ਵਿਦਿਆਰਥੀਆਂ (students)** ਦੀ ਪਛਾਣ ਕਿਵੇਂ ਕਰਦੀ ਹੈ ਜੋ ਬੱਚਿਆਂ ਨਾਲ ਸੰਬੰਧਿਤ ਕੰਮ ਕਰਦੇ ਹਨ?
2. ਕੀ ਉਹਨਾਂ ਬੱਚਿਆਂ ਨਾਲ ਸੰਬੰਧਿਤ ਕੰਮ ਕਰਨ ਵਾਲੇ ਕਰਮਚਾਰੀਆਂ, ਵਾਲੰਟੀਅਰਾਂ ਜਾਂ ਵਿਦਿਆਰਥੀਆਂ ਕੋਲ ਵੈਧ WWC ਕਾਰਡ ਹੈ ਜਾਂ ਉਹਨਾਂ ਨੇ ਇਸਨੂੰ ਲੈਣ ਲਈ ਅਰਜ਼ੀ ਦਿੱਤੀ ਹੈ? ਜੇਕਰ ਨਹੀਂ, ਤਾਂ ਸਥਿਤੀ ਨੂੰ ਸੁਧਾਰਨ ਲਈ ਕਿਹੜੇ ਉਪਾਅ ਕੀਤੇ ਜਾ ਰਹੇ ਹਨ ਅਤੇ ਕਿਸ ਸਮਾਂ-ਸੀਮਾ ਦੇ ਅੰਦਰ?
3. ਇਹ ਪੁਸ਼ਟੀ ਕਰਨ ਲਈ ਕਿਹੜੀਆਂ ਪ੍ਰਕਿਰਿਆਵਾਂ ਹਨ ਕਿ ਬੱਚਿਆਂ ਨਾਲ ਸੰਬੰਧਿਤ ਕੰਮ ਕਰਨ ਵਾਲੇ ਕਰਮਚਾਰੀਆਂ, ਵਾਲੰਟੀਅਰਾਂ ਅਤੇ ਵਿਦਿਆਰਥੀਆਂ ਕੋਲ ਵੈਧ WWC ਕਾਰਡ ਹੈ ਜਾਂ ਉਹਨਾਂ ਨੇ ਇਸਨੂੰ ਲੈਣ ਲਈ ਅਰਜ਼ੀ ਦਿੱਤੀ ਹੈ?
4. ਇਹ ਪੁਸ਼ਟੀ ਕਰਨ ਲਈ ਕਿਹੜੀਆਂ ਪ੍ਰਕਿਰਿਆਵਾਂ ਹਨ ਕਿ ਕਰਮਚਾਰੀ, ਵਲੰਟੀਅਰ ਅਤੇ ਵਿਦਿਆਰਥੀ ਜੋ ਆਪਣਾ ਬੱਚਿਆਂ ਨਾਲ ਸੰਬੰਧਿਤ ਕੰਮ ਕਰਨਾ ਜਾਰੀ ਰੱਖਦੇ ਹਨ ਉਹ ਆਪਣੇ WWC ਕਾਰਡਾਂ ਦੀ ਮਿਆਦ ਪੁੱਗਣ ਤੋਂ ਪਹਿਲਾਂ ਉਨ੍ਹਾਂ ਨੂੰ ਨਵਿਆਉਂਦੇ ਹਨ (ਇਸ ਕਾਰਡ ਨੂੰ ਮਿਆਦ ਖ਼ਤਮ ਹੋਣ ਤੋਂ ਇੱਕ ਤੋਂ ਤਿੰਨ ਮਹੀਨੇ ਪਹਿਲਾਂ ਨਵਿਆਇਆ ਜਾ ਸਕਦਾ ਹੈ)?
5. ਇਹ ਯਕੀਨੀ ਬਣਾਉਣ ਲਈ ਕਿਹੜੀਆਂ ਪ੍ਰਕਿਰਿਆਵਾਂ ਹਨ ਜਿੰਨ੍ਹਾਂ ਕੋਲ ਵੈਧ WWC ਕਾਰਡ ਨਹੀਂ ਹੈ ਅਤੇ ਉਹਨਾਂ ਨੇ ਇਸ ਲਈ ਅਰਜ਼ੀ ਵੀ ਨਹੀਂ ਦਿੱਤੀ ਹੈ, ਉਹ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਨਹੀਂ ਹਨ?
6. ਕੀ ਤੁਹਾਡੀਆਂ ਅੰਦਰੂਨੀ ਰਿਕਾਰਡ ਰੱਖਣ ਦੀਆਂ ਪ੍ਰਕਿਰਿਆਵਾਂ ਉਹਨਾਂ ਕਰਮਚਾਰੀਆਂ, ਵਾਲੰਟੀਅਰਾਂ ਅਤੇ ਵਿਦਿਆਰਥੀਆਂ ਦੀ ਪਛਾਣ ਕਰਦੀਆਂ ਹਨ ਜੋ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਹੁੰਦੇ ਹਨ ਅਤੇ ਕੀ ਇਹਨਾਂ ਲੋਕਾਂ ਲਈ ਹੇਠਾਂ ਲਿਖਤ ਦਰਜ ਕੀਤਾ ਗਿਆ ਹੈ?
    a) ਪੂਰੇ ਨਾਮ ਅਤੇ ਜਨਮ ਮਿਤੀਆਂ।
    b) WWC ਕਾਰਡ ਨੰਬਰ ਅਤੇ ਇਸਦੀ ਮਿਆਦ ਪੁੱਗਣ ਦੀ ਮਿਤੀ, ਜਾਂ ਜੇਕਰ WWC ਕਾਰਡ ਪ੍ਰਾਪਤ ਨਹੀਂ ਹੋਇਆ ਹੈ, ਤਾਂ ਅਰਜ਼ੀ ਨੰਬਰ ਅਤੇ ਇਸ ਨੂੰ ਦਰਜ ਕਰਨ ਦੀ ਮਿਤੀ।

c) ਇਸ ਗੱਲ ਦੀ ਪੁਸ਼ਟੀ ਕਿ ਕਰਮਚਾਰੀ, ਵਲੰਟੀਅਰ ਜਾਂ ਵਿਦਿਆਰਥੀ ਨੇ ਲੋੜੀਂਦੇ ਸਮੇਂ ਦੇ ਅੰਦਰ ਅਰਜ਼ੀ ਦਿੱਤੀ ਹੈ।

d) ਇਹ ਕਿ ਜਦੋਂ ਕੋਈ ਵਿਅਕਤੀ ਜਿਸ ਕੋਲ ਪਹਿਲਾਂ ਹੀ WWC ਕਾਰਡ ਹੈ, ਤੁਹਾਡੀ ਸੰਸਥਾ (ਕਾਰਡ ਦੀ ਮਿਆਦ ਦੌਰਾਨ ਸਮੇਂ-ਸਮੇਂ 'ਤੇ ਜਾਂਚ ਕਰਨ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ) ਦੇ ਨਾਲ ਇੱਕ ਨੌਕਰੀ-ਭੂਮਿਕਾ ਲੈਂਦਾ ਹੈ ਤਾਂ ਉਸਦੇ WWC ਕਾਰਡ ਦੀ ਵੈਧਤਾ ਦੀ ਜਾਂਚ ਕੀਤੀ ਗਈ ਹੈ।

ਇਸਦੇ ਇਲਾਵਾ

e) ਇਸ ਗੱਲ ਦੀ ਪੁਸ਼ਟੀ ਕਿ ਕੋਈ ਵਿਅਕਤੀ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਨੌਕਰੀ ਨਹੀਂ ਕਰਦਾ ਹੈ ਜੇਕਰ WWC ਸਕ੍ਰੀਨਿੰਗ ਯੂਨਿਟ ਤੋਂ ਨੋਟਿਸ ਪ੍ਰਾਪਤ ਹੁੰਦਾ ਹੈ ਕਿ ਉਸ ਵਿਅਕਤੀ ਨੇ ਆਪਣੀ ਅਰਜ਼ੀ ਵਾਪਸ ਲੈ ਲਈ ਹੈ ਜਾਂ ਉਸਨੂੰ **ਅੰਤਰਿਮ ਨੈਗੇਟਿਵ ਨੋਟਿਸ (Interim Negative Notice)** ਜਾਂ **ਨੈਗੇਟਿਵ ਨੋਟਿਸ (Negative Notice)** ਜਾਰੀ ਕੀਤਾ ਗਿਆ ਹੈ।

7. *ਵਰਕਿੰਗ ਵਿਦ ਚਿਲਡਰਨ (ਸਕ੍ਰੀਨਿੰਗ) ਐਕਟ 2004* ਦੀ ਪਾਲਣਾ ਦੀ ਨਿਗਰਾਨੀ ਕਰਨ ਅਤੇ ਰਿਪੋਰਟ ਕਰਨ ਲਈ ਤੁਹਾਡੀ ਸੰਸਥਾ ਕੋਲ ਕਿਹੜੀਆਂ ਅੰਦਰੂਨੀ ਵਿਧੀਆਂ ਹਨ?

ਕਿਰਪਾ ਕਰਕੇ ਨੋਟ ਕਰੋ, ਕਿ ਕਿਸੇ ਪੁੱਛਗਿੱਛ ਦੇ ਨਤੀਜੇ ਵਜੋਂ ਵਾਧੂ ਜਾਂ ਸੰਬੰਧਿਤ ਜਾਣਕਾਰੀ ਪ੍ਰਦਾਨ ਕਰਨ ਦੀ ਬੇਨਤੀ ਵੀ ਕੀਤੀ ਜਾ ਸਕਦੀ ਹੈ।

**ਮੋਟੇ ਅੱਖਰਾਂ ਵਾਲੇ** ਸ਼ਬਦਾਂ ਦੀ ਪਰਿਭਾਸ਼ਾ www.workingwithchildren.wa.gov.au ' ਤੇ ਵਰਕਿੰਗ ਵਿਦ ਚਿਲਡਰਨ ਚੈੱਕ ਸ਼ਬਦਾਵਲੀ ਵਿੱਚ ਲੱਭੀ ਜਾ ਸਕਦੀ ਹੈ।